**ਭਾਈਚਾਰੇ ਲਈ ਜੰਗਲੀ ਅੱਗ ਤੋਂ ਸੁਰੱਖਿਆ ਦਾ ਪ੍ਰੋਗਰਾਮ**
**ਵੀਡੀਓ ਸਕ੍ਰਿਪਟ – PSPS ਮੌਸਮ ਦੀ ਨਿਗਰਾਨੀ**

- PG&E ਹਰ ਰੋਜ਼ ਸਾਡੀ ਬਿਜਲੀ ਪ੍ਰਣਾਲੀ ਦੀ ਸੁਰੱਖਿਆ ਵਿੱਚ ਸੁਧਾਰ ਕਰਨ ਅਤੇ ਜੰਗਲੀ ਅੱਗ ਦੇ ਜੋਖਮਾਂ ਨੂੰ ਘਟਾਉਣ ਲਈ ਕੰਮ ਕਰ ਰਹੀ ਹੈ।

- ਤੇਜ਼ ਹਵਾਵਾਂ ਦੇ ਕਾਰਨ ਰੁੱਖਾਂ ਦੀਆਂ ਟਾਹਣੀਆਂ ਜਾਂ ਮਲਬਾ ਬਿਜਲੀ ਦੀਆਂ ਚਾਲੂ ਤਾਰਾਂ ਦੇ ਸੰਪਰਕ ਵਿੱਚ ਆ ਸਕਦੇ ਹਨ, ਜਿਸ ਨਾਲ ਸਾਡੇ ਉਪਕਰਣਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ ਅਤੇ ਜਿਸ ਦੇ ਨਤੀਜੇ ਵਜੋਂ ਇੱਕ ਭਿਆਨਕ ਜੰਗਲੀ ਅੱਗ ਲੱਗ ਸਕਦੀ ਹੈ। ਸਾਨੂੰ ਅਜਿਹੀਆਂ ਅੱਗਾਂ ਨੂੰ ਰੋਕਣ ਲਈ ਜਨਤਕ ਸਲਾਮਤੀ ਲਈ ਖਰਾਬ ਮੌਸਮ ਦੇ ਦੌਰਾਨ ਬਿਜਲੀ ਨੂੰ ਬੰਦ ਕਰਨ ਦੀ ਲੋੜ ਪੈ ਸਕਦੀ ਹੈ; ਇਸ ਨੂੰ ਜਨਤਕ ਸਲਾਮਤੀ ਲਈ ਬਿਜਲੀ ਕੱਟ (Public Safety Power Shutoff, PSPS) ਕਿਹਾ ਜਾਂਦਾ ਹੈ।
- ਜਦਕਿ PSPS ਇੱਕ ਮਹੱਤਵਪੂਰਨ ਜੰਗਲੀ-ਅੱਗ ਸਲਾਮਤੀ ਜ਼ਰੀਆ ਹੈ, ਸਾਨੂੰ ਪਤਾ ਹੈ ਕਿ ਬਿਜਲੀ ਬੰਦ ਕਰਨ ਨਾਲ ਜੀਵਨ ਵਿੱਚ ਵਿਘਨ ਪੈਂਦਾ ਹੈ, ਖਾਸ ਤੌਰ ‘ਤੇ ਉਹਨਾਂ ਲੋਕਾਂ ਲਈ ਜਿਨ੍ਹਾਂ ਨੂੰ ਡਾਕਟਰੀ ਜ਼ਰੂਰਤਾਂ ਹੁੰਦੀਆਂ ਹਨ ਅਤੇ ਉਹਨਾਂ ਗਾਹਕਾਂ ਲਈ ਜੋ ਕੋਵਿਡ-19 ਦੀ ਪ੍ਰਤਿਕਿਰਿਆ ਵਿੱਚ ਘਰ ਵਿੱਚ ਹੀ ਰਹਿ ਰਹੇ ਹਨ।
- ਬਿਜਲੀ ਕੱਟ ਲਗਾਉਣ ਦੀਆਂ ਘਟਨਾਵਾਂ ਦਾ ਦਾਇਰਾ ਛੋਟਾ ਕਰਕੇ, ਇਹਨਾਂ ਦੀ ਸਮਾਂ-ਮਿਆਦ ਘੱਟ ਕਰਕੇ ਅਤੇ ਇਹਨਾਂ ਨੂੰ ਸਾਡੇ ਗਾਹਕਾਂ ਲਈ ਵਧੇਰੇ ਚੁਸਤ ਬਣਾਕੇ, ਅਸੀਂ ਸਾਡੇ PSPS ਪ੍ਰੋਗਰਾਮ ਵਿੱਚ ਸੁਧਾਰ ਕਰਨ ‘ਤੇ ਕੰਮ ਕਰ ਰਹੇ ਹਾਂ।

**ਕੋਈ PSPS ਵਰਤਾਰਾ ਕਦੋਂ ਵਾਪਰੇਗਾ?**

- PG&E ਕੋਲ ਤਜਰਬੇਦਾਰ ਮੌਸਮ ਵਿਗਿਆਨੀਆਂ ਦੀ ਇੱਕ ਟੀਮ ਹੈ ਜੋ ਮੌਸਮ ਦੀ ਲਗਾਤਾਰ ਉਹਨਾਂ ਸਮੱਸਿਆਵਾਂ ਦੇ ਲਈ ਨਿਗਰਾਨੀ ਕਰਦੀ ਹੈ ਜੋ ਬਿਜਲੀ ਦੀ ਪ੍ਰਣਾਲੀ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

- ਇਸ ਵਿੱਚ ਸ਼ਾਮਲ ਹੈ ਬਹੁਤ ਜਿਆਦਾ ਤਾਪਮਾਨਾਂ, ਝੱਖੜਾਂ ਅਤੇ ਖਰਾਬ ਮੌਸਮ ਦੀ ਨਿਗਰਾਨੀ ਕਰਨਾ ਜਿਸ ਨਾਲ ਜੰਗਲੀ ਅੱਗ ਲੱਗਣ ਦਾ ਖ਼ਤਰਾ ਹੋ ਸਕਦਾ ਹੈ।

- ਅਸੀਂ ਜਨਤਕ ਸਲਾਮਤੀ ਲਈ ਬਿਜਲੀ ਕੱਟ ਉਦੋਂ ਚਾਲੂ ਕਰਦੇ ਹਾਂ ਜਦੋਂ ਮੌਸਮ ਦੀ ਭਵਿੱਖਬਾਣੀ ਏਨੀਂ ਕੁ ਖਰਾਬ ਹੋਵੇ, ਕਿ ਲੋਕਾਂ ਦੀ ਸੁਰੱਖਿਆ, ਜਿੰਦਗੀਆਂ, ਘਰਾਂ ਅਤੇ ਕਾਰੋਬਾਰਾਂ ਨੂੰ ਜੰਗਲੀ ਅੱਗਾਂ ਦਾ ਖਤਰਾ ਹੋਵੇ।

- ਕਿਉਂਕਿ ਹਰ ਮੌਸਮ ਦੀ ਹਾਲਤ ਵੱਖ-ਵੱਖ ਹੁੰਦੀ ਹੈ, ਇਸ ਲਈ ਬਿਜਲੀ ਬੰਦ ਕਰਨੀ ਹੈ ਜਾਂ ਨਹੀਂ, ਇਸ ਦਾ ਫੈਸਲਾ ਕਰਨ ਲਈ ਅਸੀਂ ਕਈ ਕਾਰਕਾਂ ਦੇ ਸੁਮੇਲ ਦੀ ਧਿਆਨ ਨਾਲ ਸਮੀਖਿਆ ਕਰਦੇ ਹਾਂ।

- ਇਹਨਾਂ ਮਾਪਦੰਡਾਂ ਵਿੱਚ ਆਮ ਤੌਰ ‘ਤੇ ਇਹ ਕੁਝ ਸ਼ਾਮਲ ਹੁੰਦਾ ਹੈ:

    - ਨੈਸ਼ਨਲ ਵੈਦਰ ਸਰਵਿਸ (National Weather Service) ਵੱਲੋਂ ਘੋਸ਼ਿਤ **ਰੈੱਡ ਫਲੈਗ ਵਾਰਨਿੰਗ**
    - **ਨਮੀ ਦੇ ਨੀਵੇਂ ਪੱਧਰ**, ਆਮ ਤੌਰ ’ਤੇ 20 ਪ੍ਰਤੀਸ਼ਤ ਅਤੇ ਇਸ ਤੋਂ ਘੱਟ

- **ਤੇਜ਼ ਹਵਾਵਾਂ ਦੀ ਭਵਿੱਖਬਾਣੀ,** ਖਾਸ ਤੌਰ 'ਤੇ 25 ਮੀਲ ਪ੍ਰਤੀ ਘੰਟਾ ਤੋਂ ਉੱਪਰ ਇੱਕੋ ਗਤੀ 'ਤੇ ਚੱਲਣ ਵਾਲੀਆਂ ਹਵਾਵਾਂ ਅਤੇ 45 ਮੀਲ ਪ੍ਰਤੀ ਘੰਟਾ ਤੋਂ ਉੱਪਰ ਗਤੀ ਵਾਲੇ ਹਵਾ ਦੇ ਝੌਂਕੇ।
- **ਜ਼ਮੀਨ 'ਤੇ ਸੁੱਕਾ ਈਂਧਣ ਅਤੇ ਜੀਵਤ ਬਨਸਪਤੀ ਵਿੱਚ ਨਮੀ ਦੀ ਥੋੜ੍ਹੀ ਮਾਤਰਾ।**
- ਸਾਡੇ ਜੰਗਲੀ ਅੱਗ ਸੁਰੱਖਿਆ ਕਾਰਜਪ੍ਰਣਾਲੀ ਕੇਂਦਰ (WILDFIRE SAFETY OPERATIONS CENTER) ਵਿੱਚ **ਵਾਸਤਵਿਕ-ਸਮੇਂ ਦੇ ਨਿਰੀਖਣ** ਅਤੇ ਸਾਡੇ ਸੇਵਾ ਖੇਤਰ ਵਿੱਚ PG&E ਦੇ ਕਰਮੀਆਂ ਤੋਂ ਜ਼ਮੀਨੀ ਨਿਰੀਖਣ।

**30 ਸਾਲ ਦਾ ਮੌਸਮ ਦਾ ਵਿਸ਼ਲੇਸ਼ਣ**

- PG&E ਨੇ PSPS ਵਰਤਾਰਿਆਂ ਦੇ ਸੰਭਾਵੀ ਟਿਕਾਣਿਆਂ, ਸੰਭਾਵਨਾ ਅਤੇ ਵਾਰਵਾਰਤਾ ਨੂੰ ਨਿਰਧਾਰਤ ਕਰਨ ਲਈ ਸਾਡੇ ਪੂਰੇ ਸੇਵਾ ਖੇਤਰ ਵਿੱਚ ਮੌਸਮ ਦੇ ਡੇਟਾ ਦਾ 30 ਸਾਲ ਦਾ ਵਿਸਤਾਰਪੂਰਕ ਵਿਸ਼ਲੇਸ਼ਣ ਕਰਵਾਇਆ।
- ਇਸ ਵਿਸ਼ਲੇਸ਼ਣ ਵਿੱਚ ਤੇਜ਼ ਹਵਾਵਾਂ, ਨਮੀ ਦੇ ਪੱਧਰਾਂ, ਤਾਪਮਾਨਾਂ ਅਤੇ ਅੱਗ ਲੱਗਣ ਦੀ ਸੰਭਾਵਨਾ ਦੇ ਇਤਿਹਾਸਿਕ ਅੰਕੜਿਆਂ ਵੱਲ ਧਿਆਨ ਦਿੱਤਾ ਗਿਆ।
- ਉੱਤਰੀ ਕੈਲੀਫੋਰਨੀਆ ਵਿੱਚ ਅੱਗ ਲੱਗਣ ਦੀਆਂ ਗੰਭੀਰ ਸਥਿਤੀਆਂ ਦਾ ਆਪਸੀ ਸੰਬੰਧ ਆਮ ਤੌਰ 'ਤੇ ਡਿਆਬਲੋ ਹਵਾਵਾਂ ਨਾਮਕ ਇੱਕ ਮੌਸਮੀ ਫਲਸਫੇ ਨਾਲ ਹੁੰਦਾ ਹੈ।
- ਇਹ ਹਵਾਵਾਂ ਉੱਤਰ-ਪੂਰਬ ਵਿੱਚ ਸ਼ੁਰੂ ਹੁੰਦੀਆਂ ਹਨ ਅਤੇ ਦੱਖਣ-ਪੱਛਮੀ ਦਿਸ਼ਾ ਵੱਲ ਨੂੰ ਵਹਿੰਦੀਆਂ ਹਨ।
- ਉੱਤਰੀ ਕੈਲੀਫੋਰਨੀਆ ਵਿੱਚ ਅੱਗ ਲੱਗਣ ਦਾ ਖਤਰਾ ਸਤੰਬਰ ਤੋਂ ਲੈ ਕੇ ਨਵੰਬਰ ਤੱਕ ਚਰਮ ਸੀਮਾ 'ਤੇ ਹੁੰਦਾ ਹੈ ਜਦੋਂ ਡਿਆਬਲੋ ਹਵਾਵਾਂ ਸਭ ਤੋਂ ਤੇਜ਼ ਹੁੰਦੀਆਂ ਹਨ ਅਤੇ ਬਨਸਪਤੀ ਸਭ ਤੋਂ ਸੁੱਕੀ ਹੁੰਦੀ ਹੈ।

- ਇਸ ਸਾਲ ਲਈ, ਅਸੀਂ ਮੌਸਮ ਦੇ ਡੇਟਾ ਦਾ ਵਿਸ਼ਲੇਸ਼ਣ ਕਰਨ ਦੇ ਆਪਣੇ ਤਰੀਕੇ ਵਿੱਚ ਸੁਧਾਰ ਕਰ ਰਹੇ ਹਾਂ। ਸਾਡੇ ਸੁਧਾਰ ਕੀਤੇ ਵਿਸ਼ਲੇਸ਼ਣ ਵਿੱਚ ਸ਼ਾਮਲ ਹੈ:
  - ਇਤਿਹਾਸਿਕ ਮੌਸਮ ਅਤੇ ਈਂਧਣ ਦੇ ਡੇਟਾ ਦਾ ਵਿਸਤਾਰ 80 ਅਰਬ ਡੇਟਾ ਪੁਆਇੰਟਾਂ ਤੋਂ ਲੈ ਕੇ 180 ਡੇਟਾ ਪੁਆਇੰਟਾਂ ਤੱਕ ਕਰਨਾ, ਜਿਸ ਨਾਲ ਹੋਰ ਵਿਸਤਾਰਪੂਰਕ ਵਿਸ਼ਲੇਸ਼ਣ ਕਰਨ ਵਿੱਚ ਮਦਦ ਮਿਲੇਗੀ।
  - ਸਾਡੀ ਰੋਜ਼ਾਨਾ ਦੀ ਭਵਿੱਖਬਾਣੀ ਦੇ ਡੇਟਾ ਸਮੂਹ ਦਾ ਵਿਸਤਾਰ 10 ਕਰੋੜ (100 ਮਿਲੀਅਨ) ਡੇਟਾ ਪੁਆਇੰਟਾਂ ਤੋਂ 1.2 ਅਰਬ ਡੇਟਾ ਪੁਆਇੰਟਾਂ ਤੱਕ ਕਰਨਾ।
  - ਸਾਡੇ ਮੌਸਮ ਮਾਡਲ ਸੰਕਲਪ ਵਿੱਚ ਸੋਧ ਕਰਨਾ, ਦੁੱਗਣੇ ਤੋਂ ਵੱਧ ਪੱਧਰ ਦਾ ਵੇਰਵਾ ਮੁਹੱਈਆ ਕਰਨਾ।

**ਐਡਵਾਂਸ ਮੌਸਮ ਸਟੇਸ਼ਨ**

- ਸਾਡੀ ਵਧੇਰੇ ਚੁਸਤ ਪਹੁੰਚ ਦੇ ਹਿੱਸੇ ਵਿੱਚ ਸ਼ਾਮਲ ਹੈ ਸਾਡੀ ਮੌਸਮ ਨਿਗਰਾਨੀ ਟੈਕਨਾਲੋਜੀ ਵਿੱਚ ਸੁਧਾਰ ਕਰਨਾ ਅਤੇ ਇਸ ਸਾਲ ਲਗਭਗ 400 ਮੌਸਮ ਸਟੇਸ਼ਨ, ਅਤੇ 2021 ਤੱਕ ਕੁੱਲ 1,300 ਸਟੇਸ਼ਨ ਸਥਾਪਤ ਕਰਨਾ ਤਾਂ ਜੋ PSPS ਵਰਤਾਰਿਆਂ ਦੀ ਜ਼ਰੂਰਤ ਅਤੇ ਸਮੇਂ ਦੀ ਭਵਿੱਖਬਾਣੀ ਵਧੇਰੀ ਸਟੀਕਤਾ ਨਾਲ ਕੀਤੀ ਜਾ ਸਕੇ।
- ਇਸ ਦਾ ਮਤਲਬ ਹੈ ਕਿ ਸਾਡੇ ਕੋਲ ਅੱਗ ਲੱਗਣ ਦੇ ਉੱਚ ਜੋਖਮ ਵਾਲੇ ਇਲਾਕਿਆਂ ਵਿੱਚ ਹਰ 20 ਮੀਲ ਵਿੱਚ ਫੈਲੀਆਂ ਬਿਜਲੀ ਦੀਆਂ ਤਾਰਾਂ ਲਈ ਲਗਭਗ ਇੱਕ ਸਟੇਸ਼ਨ ਹੋਵੇਗਾ।
- ਇਹ ਐਡਵਾਂਸ ਮੌਸਮ ਸਟੇਸ਼ਨ ਤਾਪਮਾਨ, ਹਵਾ ਦੀਆਂ ਗਤੀਆਂ ਅਤੇ ਤੁਲਨਾਤਮਕ ਨਮੀ ਨੂੰ ਮਾਪਦੇ ਹਨ।
- ਹੋਰਨਾਂ ਮੌਸਮ ਡੇਟਾ ਸਰੋਤਾਂ ਦੇ ਨਾਲ ਮਿਲਾ ਕੇ, ਇਹ ਮੌਸਮ ਸਟੇਸ਼ਨ ਸਾਨੂੰ ਉਸ ਖਰਾਬ ਮੌਸਮ ਦਾ ਪਤਾ ਰੱਖਣ ਵਿੱਚ ਮਦਦ ਕਰਦੇ ਹਨ, ਜਿਸ ਲਈ PSPS ਵਰਤਾਰੇ ਦੀ ਜ਼ਰੂਰਤ ਹੋ ਸਕਦੀ ਹੈ।

**ਆਪਣੇ ਇਲਾਕੇ ਵਿੱਚ ਮੌਸਮ ਦਾ ਪਤਾ ਰੱਖਣਾ**

- PG&E ਦੀ ਇੱਕ ਸਮਰਪਿਤ ਵੈੱਬਸਾਈਟ ਹੈ ਜਿਸ ਵਿੱਚ ਸਾਡੇ ਐਡਵਾਂਸ ਮੌਸਮ ਸਟੇਸ਼ਨਾਂ ਦੇ ਨੈੱਟਵਰਕ ਤੋਂ ਅਸਲੀ ਸਮੇਂ ਵਿੱਚ ਦਿਨ-ਰਾਤ ਦਾ ਡੇਟਾ ਸਟ੍ਰੀਮ ਕੀਤਾ ਜਾਂਦਾ ਹੈ।
- ਵੈੱਬਸਾਈਟ ਵਿੱਚ ਅਜਿਹੇ ਖਰਾਬ ਮੌਸਮ ਲਈ ਸੱਤ ਦਿਨ ਦੀ ਭਵਿੱਖਬਾਣੀ ਵੀ ਸ਼ਾਮਲ ਹੈ ਜਿਸ ਨਾਲ ਜਨਤਕ ਸਲਾਮਤੀ ਲਈ ਬਿਜਲੀ ਦਾ ਕੱਟ ਲਗਾਇਆ ਜਾ ਸਕਦਾ ਹੈ।
- ਆਪਣੇ ਇਲਾਕੇ ਵਿੱਚ ਮੌਸਮ ਸਟੇਸ਼ਨ ਦੇਖਣ ਲਈ pge.com/weather ਦੇਖੋ।
- PG&E ਆਪਣੇ ਗਾਹਕਾਂ ਨੂੰ ਸੁਰੱਖਿਆ ਕਾਰਵਾਈ ਕੇਂਦਰ ਵਿਖੇ ਜਾਣ ਲਈ ਵੀ ਉਤਸ਼ਾਹਤ ਕਰਦੀ ਹੈ, ਜਿੱਥੇ ਉਹ ਜੰਗਲੀ ਅੱਗ ਨਾਲ ਜੁੜੇ ਜੋਖਮਾਂ ਬਾਰੇ ਮੁੱਲਵਾਨ ਜਾਣਕਾਰੀ ਸਿੱਖ ਸਕਣ ਅਤੇ ਪਤਾ ਕਰ ਸਕਣ ਕਿ ਲੋਕ ਆਪਣੇ ਘਰ, ਪਰਿਵਾਰ ਜਾਂ ਕਾਰੋਬਾਰ ਨੂੰ ਸਲਾਮਤ ਰੱਖਣ ਲਈ ਕੀ ਕਰ ਸਕਦੇ ਹਨ, ਅਤੇ ਕੀ ਕਰਨਾ ਚਾਹੀਦਾ ਹੈ।
- PG&E ਦੇ ਜੰਗਲੀ ਅੱਗ ਦੇ ਸੁਰੱਖਿਆ ਉਪਰਾਲਿਆਂ ਅਤੇ ਅਸੀਂ ਜਿਨ੍ਹਾਂ ਤਰੀਕਿਆਂ ਨਾਲ ਜਨਤਕ ਸਲਾਮਤੀ ਲਈ ਬਿਜਲੀ ਕੱਟਾਂ ਵਿੱਚ ਸੁਧਾਰ ਕਰ ਰਹੇ ਹਾਂ, ਦੇ ਬਾਰੇ ਨਵੀਨਤਮ ਜਾਣਕਾਰੀ ਲਈ ਦੇਖੋ pge.com/psps.